## ਅਸੀਂ ਕੌਣ ਹਾਂ?

♦ ਅਸੀਂ ਸਥਾਨਕ ਇਲਾਕੇ ਦੇ ਲੋਕਾਂ ਦਾ ਇਕ ਗਰੁੱਪ ਹਾਂ ਹੋ ਨਜ਼ਰਬੰਦੀ ਵਾਲੇ ਲੋਕਾਂ ਦੀ ਦੇਖ-ਭਾਲ ਕਰਦੇ ਹਾਂ।

♦ ਅਸੀਂ ਬਿਨਾਂ-ਤਨਖਾਹ ਦੇ ਕੰਮ ਕਰਨ ਵਾਲੇ ਵਲੰਟੀਅਰ ਹਾਂ ਜੋ ਗੈਟਵਿਕ ਵਿੱਚ ਨਜ਼ਰਬੰਦ ਸਾਰਿਆਂ ਦੀ ਜਿੰਦਗੀ ਨੂੰ ਬਿਹਤਰ ਬਣਾਉਣ ਲਈ ਆਪਣਾ ਵਕਤ ਦਿੰਦੇ ਹਾਂ।

♦ ਅਸੀਂ ਨਜ਼ਰਬੰਦੀ ਸੈਂਟਰ ਅਤੇ ਪਰਵਾਸ ਤੋਂ ਆਜ਼ਾਦ ਹਾਂ।

♦ ਸਾਡੇ ਵਿੱਚੋਂ ਕੁੱਝ ਧਰਮੀ ਹਨ ਅਤੇ ਕੁੱਝ ਦਾ ਕੋਈ ਵਿਸ਼ਵਾਸ ਨਹੀਂ ਹੈ।

## ਅਸੀਂ ਕਿਸ ਦੀ ਮਦਦ ਕਰਦੇ ਹਾਂ?

♦ ਅਸੀਂ ਗੈਟਵਿਕ ਵਿੱਚ ਨਜ਼ਰਬੰਦ ਕਿਸੇ ਵੀ ਨਸਲ, ਕੌਮੀਅਤ ਅਤੇ ਧਰਮ ਦੇ ਹਰ ਵਿਅਕਤੀ ਦੀ ਮਦਦ ਕਰਦੇ ਹਾਂ ਜੋ ਸਾਡੀ ਮਦਦ ਲਈ ਬੇਨਤੀ ਕਰਦਾ ਹੈ।

## ਅਸੀਂ ਕੀ ਕਰਦੇ ਹਾਂ?

♦ ਅਸੀਂ ਨਜ਼ਰਬੰਦਾਂ ਲਈ **ਵਿਜ਼ਟਿੰਗ ਸਕੀਮ** ਚਲਾਉਂਦੇ ਹਾਂ, ਜਿੱਥੇ ਅਸੀਂ ਆਪਣੇ ਗਰੁੱਪ ਦੇ ਵਿਜ਼ਟਰ ਰਾਹੀਂ ਨਜ਼ਰਬੰਦ ਨਾਲ ਸੰਪਰਕ ਕਰਦੇ ਹਾਂ।

♦ ਇਕ **ਵਿਜ਼ਟਰ** ਮਿੱਤਰਤਾ, ਚਿੰਤਾ, ਦੇਖ-ਭਾਲ ਅਤੇ ਸਹਾਰਾ ਮੁਹੱਈਆ ਕਰਦਾ ਹੈ ਜਦੋਂ ਉਹ ਤੁਹਾਡੇ ਕੋਲ ਆਉਂਦਾ ਹੈ। ਇਹ ਉਹ ਵਿਅਕਤੀ ਹਨ ਜਿਨ੍ਹਾਂ ਨਾਲ ਤੁਸੀਂ ਕਿਸੇ ਤਰ੍ਹਾਂ ਦੀ ਵੀ ਗੱਲ ਕਰ ਸਕਦੇ ਹੋ ਜੋ ਚਾਹੁੰਦੇ ਹੋ, ਖਾਸ ਤੌਰ ਤੇ ਤੁਸੀਂ ਆਪਣੀਆਂ ਸਮੱਸਿਆਵਾਂ ਬਾਰੇ। ਉਹ ਤੁਹਾਡੀ ਗੱਲ ਸੁਣਨਗੇ ਅਤੇ ਉਹ ਜਿੱਥੇ ਤੱਕ ਹੋ ਸਕੇ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਨਗੇ।

♦ ਅਸੀਂ ਛੋਟੀਆਂ ਵਿਵਹਾਰਕ ਵਸਤਾਂ ਨਾਲ ਤੁਹਾਡੀ ਮਦਦ ਕਰ ਸਕਦੇ ਹਾਂ ਜਿਨ੍ਹਾਂ ਦੀ ਤੁਹਾਨੂੰ ਲੋੜ ਹੋਵੇ, ਜਿਸ ਤਰ੍ਹਾਂ ਕਿ **ਸ਼ਿੰਗਾਰ-ਸਮੱਗਰੀ** ਜੇ ਤੁਹਾਨੂੰ ਸੈਂਟਰ ਵਲੋਂ ਮੁਹੱਈਆ ਨਹੀ ਕਰਵਾਏ ਜਾਂਦੇ ਤੇ ਪੁਰਾਣੇ **ਕੱਪੜੇ।** ਜੇ ਤੁਹਾਨੂੰ ਇਨ੍ਹਾਂ ਚੀਜ਼ਾਂ ਵਿੱਚੋਂ ਕਿਸੇ ਦੀ ਲੋੜ ਹੋਵੇ ਤਾਂ ਆਪਣੇ ਵਿਜ਼ਟਰ ਨੂੰ ਪੁੱਛੋ, ਜਾਂ ਜੇ ਤੁਸੀਂ ਵਿਜ਼ਟਰ ਦੀ ਉਡੀਕ ਕਰ ਰਹੇ ਹੋ ਤਾਂ ਦਫ਼ਤਰ ਵਿੱਚ ਫ਼ੋਨ ਕਰਕੇ ਦੱਸੋ।

♦ ਅਸੀਂ ਤੁਹਾਨੂੰ ਤੁਹਾਡੇ **ਵਕੀਲ** ਨਾਲ ਸੰਪਰਕ ਰੱਖਣ ਵਿੱਚ ਮਦਦ ਕਰ ਸਕਦੇ ਹਾਂ। ਜੇ ਤੁਸੀਂ ਕਿਸੇ ਗੱਲ ਬਾਰੇ ਭੰਬਲ ਭੁਸੇ ਵਿੱਚ ਹੋ ਤਾਂ ਤੁਸੀਂ ਆਪਣੇ ਵਿਜ਼ਟਰ ਨੂੰ ਆਪਣੇ ਵਕੀਲ ਨੂੰ ਫ਼ੋਨ ਕਰਨ ਲਈ ਬੇਨਤੀ ਕਰ ਸਕਦੇ ਹੋ। ਅਸੀਂ ਵਕੀਲ ਬਦਲਣ ਜਾਂ ਸ਼ਿਕਾਇਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹੋ ਜੇ ਤੁਹਾਨੂੰ ਲੋੜ ਹੋਵੇ: ਅਸੀਂ ਕੁੱਝ ਤਜ਼ਰਬੇਕਾਰ ਪਰਵਾਸ ਵਕੀਲਾਂ ਨੂੰ ਜਾਣਦੇ ਹਾਂ ਜਿਨ੍ਹਾਂ ਨਾਲ ਤੁਸੀਂ ਸੰਪਰਕ ਕਰ ਸਕਦੇ ਹੋ। ਅਸੀਂ ਹੋਰ ਸੰਸਥ੍ਾਵਾਂ ਬਾਰੇ ਵੀ ਤੁਹਾਨੂੰ ਜਾਣਕਾਰੀ ਦੇ ਸਕਦੇ ਹਾਂ ਜੋ ਤੁਹਾਡੀ ਮਦਦ ਕਰ ਸਕਦੀਆਂ ਹਨ।

## ਅਸੀਂ ਕੀ-ਕੀ ਮਦਦ ਨਹੀਂ ਕਰ ਸਕਦੇ

♦ ਅਸੀਂ ਤੁਹਾਨੂੰ ਨਜ਼ਰਬੰਦੀ ਤੋ ਰਿਹਾ ਕਰਾਉਣ ਜਾਂ ਦੇ ਦੇਸ਼ ਵਿੱਚੋਂ ਕੱਢੇ ਜਾਣ ਤੋਂ ਰੋਕਣ ਵਿੱਚ ਮਦਦ **ਨਹੀਂ** ਸਕਦੇ।

♦ ਅਸੀਂ ਵਕੀਲ **ਨਹੀਂ** ਹਾਂ ਅਤੇ ਅਸੀਂ ਤੁਹਾਡੇ ਕੇਸ ਬਾਰੇ ਕਾਨੂੰਨੀ ਸਲਾਹ **ਨਹੀਂ** ਦੇ ਸਕਦੇ।

♦ ਸਾਡੇ ਵਿਜ਼ਟਰ ਤੁਹਾਡੀ ਜ਼ਮਾਨਤ ਲਈ ਜਾਮਨੀ **ਨਹੀਂ** ਦੇ ਸਕਦੇ। ਜੇ ਤੁਸੀਂ ਜ਼ਮਾਨਤ ਵਾਸਤੇ ਦਰਖ਼ਾਸਤ ਦੇਣੀ ਚਾਹੁੰਦੇ ਹੋ ਤਾਂ ਦੂਜੀ ਸੰਸਥਾ, **ਬਿੱਡ,** ਮਦਦ ਕਰਨ ਦੇ ਯੋਗ ਹੋਵੇਗੀ। ਉਹ ਇਨ੍ਹਾਂ ਸਮਿਆਂ ਤੇ ਖੁੱਲ੍ਹਦੇ ਹਨ: ਸਵੇਰੇ 10–ਦੁਪਹਿਰ 12 ਵਜੇ ਤੱਕ, ਸੋਮ-ਵੀਰ:
ਫ਼ੋਨ: 0207 247 3590 ਫੈਕਸ: 0207 247 3550

♦ ਅਸੀਂ ਸੀਮਤ ਫੰਡਾਂ ਵਾਲੀ ਇੱਕ ਛੋਟੀ **ਖ਼ੈਰਾਤੀ ਸੰਸਥਾ** ਹਾਂ। ਵਿਜ਼ਟਰ ਤੁਹਾਨੂੰ ਮਹਿੰਗੀਆਂ ਵਸਤੂਆਂ **ਨਹੀਂ** ਲਿਆ ਕੇ ਦੇ ਸਕਦੇ।

## ਅਸੀਂ ਕਿਵੇਂ ਕੰਮ ਕਰਦੇ ਹਾਂ?

♦ ਇੱਕ ਵਾਰ ਤੁਸੀਂ ਵਿਜ਼ਟਰ ਵਾਸਤੇ ਦਫ਼ਤਰ ਨਾਲ ਸੰਪਰਕ ਕਰ ਲਿਆ ਤਾਂ ਸਾਡੇ ਵਿਭਾਗੀ ਕਰਮਚਾਰੀ ਵਿਜ਼ਟਰ ਵਾਲੀ **ਸੂਚੀ** ਵਿੱਚ ਤੁਹਾਡਾ ਨਾਂ ਚਾੜ ਲੈਣਗੇ।

♦ ਜਦੋਂ ਤੁਹਾਡਾ ਨਾਂ ਉਡੀਕ ਸੂਚੀ ਦੇ ਸਿੱਖਰ ਉਤੇ ਆ ਜਾਵੇਗਾ, ਤਾਂ ਤੁਹਾਨੂੰ ਵਿਜ਼ਟਰ ਮਿਲ ਜਾਵੇਗਾ, ਆਮ ਤੌਰ ਤੇ ਕੁੱਝ ਦਿਨਾਂ ਵਿੱਚ ਹੀ।

♦ ਜੇ ਤੁਹਾਡੇ ਨਾਲ **ਬੱਚੇ** ਹਨ, ਜਾਂ ਤੁਹਾਡੀ ਉੱਮਰ **18 ਸਾਲਾਂ ਤੋਂ ਘੱਟ ਹੈ,** ਜਾਂ ਕੋਈ **ਬਿਮਾਰੀ ਹੈ,** ਜਾਂ **ਨਜਿੱਠਣ ਵਿੱਚ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ,** ਤਾਂ ਤੁਹਾਨੂੰ ਦਫ਼ਤਰ ਦੇ ਕਰਮਚਾਰੀਆਂ ਨੂੰ ਦਸਣਾ ਚਾਹੀਦਾ ਹੈ ਤਾਂ ਹੋ ਸਕਦਾ ਹੈ ਤੁਹਾਨੂੰ ਪਹਿਲਾਂ ਹੀ ਵਿਜ਼ਟਰ ਮਿਲ ਸਕੇ।

## ਤੁਸੀਂ ਆਪਣੇ ਵਿਜ਼ਟਰ ਤੋਂ ਕੀ ਉਮੀਦ ਕਰ ਸਕਦੇ ਹੋ

♦ ਇਕ ਵਾਰ ਤੁਹਾਨੂੰ ਵਿਜ਼ਟਰ ਮਿਲ ਗਿਆ ਤਾਂ ਤੁਹਾਡੇ ਗੈਟਵਿਕ ਵਿੱਚ ਨਜ਼ਰਬੰਦ ਹੋਣ ਦੇ ਸਮੇਂ ਦੌਰਾਨ ਉਹ ਆਮ ਕਰਕੇ ਤੁਹਾਡੇ ਕੋਲ **ਹਫ਼ਤੇ ਵਿੱਚ ਇਕ ਵਾਰ** ਆਉਣਗੇ

♦ ਜੇ ਉਹ ਤਹਾਨੂੰ ਕਿਸੇ ਹਫ਼ਤੇ ਮਿਲਣ ਨਾ ਆ ਸਕਣ ਤਾਂ ਉਨ੍ਹਾਂ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ। ਜੇ ਉਨ੍ਹਾਂ ਨੇ ਕੁੱਝ ਹਫ਼ਤਿਆਂ ਲਈ ਕਿਤੇ ਬਾਹਰ ਗਏ ਹੋਣਾਂ ਹੈ ਤਾਂ ਉਹ ਸ਼ਾਇਦ ਕਿਸੇ ਹੋਰ ਨੂੰ ਤੁਹਾਨੂੰ ਮਿਲਣ ਆਉਣ ਲਈ ਪ੍ਰਬੰਧ ਕਰ ਦੇਣ। ਜੇ ਤੁਹਾਡੀਆਂ ਕੋਈ ਸਮੱਸਿਆਵਾਂ ਹਨ ਅਤੇ ਤੁਸੀਂ ਆਪਣੇ ਵਿਜ਼ਟਰ ਨਾਲ ਸੰਪਰਕ ਨਹੀਂ ਕਰ ਸਕੇ ਤਾਂ ਤੁਹਾਨੂੰ ਦਫ਼ਤਰ ਵਿੱਚ ਫ਼ੋਨ ਕਰਨਾ ਚਾਹੀਦਾ ਹੈ।

## ਦੋਭਾਸ਼ੀਏ

♦ ਸਾਡੇ ਗਰੁੱਪ ਦੇ ਵਿਜ਼ਟਰ ਕਈ ਭਾਸ਼ਾਵਾਂ ਬੋਲ ਸਕਦੇ ਹਨ ਪਰ ਸਾਰੀਆਂ ਭਾਸ਼ਾਵਾਂ <u>ਨਹੀਂ।</u> ਜੇ ਤੁਹਾਨੂੰ ਇੱਕ ਵਿਜ਼ਟਰ ਚਾਹੀਦਾ ਹੋਵੇ ਪਰੰਤੂ ਅੰਗਰੇਜ਼ੀ ਨਹੀਂ ਬੋਲ ਸਕਦੇ, ਤਾਂ ਅਸੀਂ ਤੁਹਾਡੇ ਲਈ ਤੁਹਾਡੀ ਭਾਸ਼ਾ ਬੋਲਣ ਵਾਲਾ ਵਿਜ਼ਟਰ ਲੱਭਣ ਦੀ ਕੋਸ਼ਿਸ਼ ਕਰਾਂਗੇ। ਜੇ ਇਸ ਤਰ੍ਹਾਂ ਕਰਨਾ ਸੰਭਵ ਨਾ ਹੋਇਆ ਤਾਂ ਸੈਂਟਰ ਵਿੱਚ ਸ਼ਾਇਦ ਤੁਹਾਡਾ ਕੋਈ ਦੋਸਤ ਹੋਵੇ ਜੋ ਸਾਡੇ ਆਉਣ ਸਮੇਂ ਤੁਹਾਡੇ ਲਈ ਅਨੁਵਾਦ ਕਰ ਸਕੇ।

## ਵਿਸ਼ਵਾਸਪੂਰਵਕ

♦ ਅਸੀਂ ਤੁਹਾਡੀ ਅਲਹਿਦਗੀ-ਲੋੜਾਂ ਦਾ ਆਦਰ ਕਰਦੇ ਹਾਂ। ਤੁਹਾਡਾ ਵਿਜ਼ਟਰ ਸਾਡੇ ਗਰੁੱਪ ਤੋਂ ਬਾਹਰ ਤੁਹਾਡੇ ਬਾਰੇ ਕਿਸੇ ਨਾਲ ਗੱਲ ਨਹੀਂ ਕਰੇਗਾ, ਜਾਂ ਜਿੰਨ੍ਹਾਂ ਚਿਰ ਤੁਸੀਂ ਉਸ ਨੂੰ ਗੱਲ ਕਰਨ ਦੀ ਆਗਿਆ ਨਹੀਂ ਦਿੰਦੇ।

## ਸ਼ਿਕਾਇਤਾਂ ਅਤੇ ਸਮੱਸਿਆਵਾਂ

♦ ਜੇ ਤੁਹਾਨੂੰ ਜੋ ਸੇਵਾ ਅਸੀਂ ਮੁਹੱਈਆ ਕਰਦੇ ਹਾਂ ਉਸ ਸੰਬੰਧੀ ਸ਼ਿਕਾਇਤ ਜਾਂ ਟੀਕਾ ਟਿੱਪਣੀ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਦਫ਼ਤਰ ਦੇ ਕਰਮਚਾਰੀਆਂ ਨਾਲ ਸੰਪਰਕ ਕਰੋ। ਉਹ ਸਾਡੀ ਸਿਕਾਇਤ ਪ੍ਰਕਿਰਿਆ ਮੁਤਾਬਿਕ ਸਮੱਸਿਆ ਦੀ ਪੜਤਾਲ ਕਰਨਗੇ ਅਤੇ ਤੁਹਾਡੀ ਚਿੰਤਾ ਦੇ ਨਿਪਟਾਰੇ ਲਈ ਕੋਸ਼ਿਸ਼ ਕਰਨਗੇ।

## ਕਾਨੂੰਨੀ ਸਮੱਸਿਆਵਾਂ ਅਤੇ ਸਲਾਹ

♦ ਜੇ ਤੁਹਾਨੂੰ ਨਜ਼ਰਬੰਦ ਕੀਤਾ ਗਿਆ ਹੋਵੇ ਤਾਂ ਤੁਸੀਂ **ਮੁੱਫ਼ਤ** ਕਾਨੂੰਨੀ ਸਲਾਹ ਅਤੇ ਨੁਮਾਇੰਦਗੀ ਦੇ ਹੱਕਦਾਰ ਹੋ ਸਕਦੇ ਹੋ। ਸੱਭ ਵਕੀਲ ਚੰਗੇ ਨਹੀ ਹਨ ਅਤੇ ਕਈ ਤੁਹਾਡੇ ਤੋਂ ਬਹੁਤ ਵੱਡੀ ਰਕਮ ਪੈਸਿਆਂ ਦੀ ਮੰਗ ਕਰ ਸਕਦੇ ਹਨ। ਜੇ ਤੁਹਾਨੂੰ ਆਪਣੇ ਕਾਨੂੰਨੀ ਨੁਮਾਇੰਦੇ ਬਾਰੇ ਕੋਈ ਸ਼ੱਕ ਹੋਵੇ ਤਾਂ ਆਪਣੇ ਵਿਜ਼ਟਰ ਨਾਲ ਗੱਲ ਕਰੋ ਜਾਂ ਸੁਹਰਤ ਵਾਲੀ ਕਾਨੂੰਨੀ ਸਲਾਹ ਏਜੰਸੀ ਨਾਲ ਗੱਲ ਕਰੋ। ਸੈਂਟਰ ਲਾਈਬ੍ਰੇਰੀ ਵਿੱਚ ਯੋਗਤਾ ਪ੍ਰਾਪਤ ਕਾਨੂੰਨੀ ਨੁਮਾਇੰਦਿਆਂ ਦੀ ਸੂਚੀ ਮੌਜੂਦ ਹੈ।

♦ ਜੇ ਤੁਹਾਡੇ 'ਅਪਣੇ ਵਕੀਲ ਨਾਲ ਸਮੱਸਿਆਂ ਹਨ, ਜਾਂ ਤੁਹਾਡੇ ਕੋਲ ਇੱਕ ਹੈ ਨਹੀਂ, ਤਾਂ ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਸੈਂਟਰ ਵਿੱਚ ਆਉਣ ਵਾਲੇ ਕਾਨੂੰਨੀ ਸਲਾਹਕਾਰਾਂ ਨੂੰ ਮਿਲੋ। ਉਹ ਮੁੱਫ਼ਤ ਮਾਹਿਰ ਕਾਨੂੰਨੀ ਸਲਾਹ ਦਿੰਦੇ ਹਨ। ਉਹ ਆਮ ਤੌਰ ਤੇ ਸੈਂਟਰ ਵਿੱਚ ਹਰ ਹਫ਼ਤੇ ਦੋ ਵਾਰੀ ਸੈਂਟਰ ਵਿੱਚ ਗੇੜਾ ਮਾਰਦੇ ਹਨ ਅਤੇ ਸ਼ਾਇਦ ਤੁਹਾਨੂੰ ਸਲਾਹ ਦੇ ਸਕਣ ਜਾਂ ਤੁਹਾਡੀ ਨੁਮਾਇੰਦਗੀ ਕਰ ਸਕਣ। ਇਸ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਤੁਸੀਂ ਸੈਂਟਰ ਦੇ ਕਰਮਚਾਰੀਆਂ ਨੂੰ ਬੇਨਤੀ ਕਰ ਸਕਦੇ ਹੋ।

**ਸੰਕਟ ਸਮੇਂ,** (ਉਦਾਹਰਨ ਵਜੋਂ, ਜੇ ਤੁਹਾਨੂੰ ਦੇਸ ਵਿੱਚੋਂ ਕੱਢਿਆ ਜਾਣ ਲੱਗਾ ਹੈ) ਤੁਸੀਂ **ਆਰ.ਐਲ.ਸੀ.** ਨੂੰ ਸ਼ਾਮੀ ਅਤੇ ਵੀਕਐਂਡ ਤੇ **07831 598 057** ਤੇ ਫ਼ੋਨ ਕਰ ਸਕਦੇ ਹੋ।

## ਸਿਹਤ ਸਮੱਸਿਆਵਾਂ

♦ ਜੇ ਤੁਹਾਨੂੰ ਕੋਈ ਚਿਕਿਤਸਕ ਮੁਸ਼ਕਲਾਂ ਹਨ ਤਾਂ ਤੁਸੀਂ ਮੈਡੀਕਲ ਸੈਂਟਰਹਰੂਰ ਜਰੂਰ ਜਾਓ ਅਤੇ ਡਾਕਟਰ ਨੂੰ ਮਿਲੋ। ਜੇ ਤੁਸੀਂ ਆਪਣੀ ਸਿਹਤ ਸੰਬੰਧੀ ਚਿੰਤਤ ਹੋ ਤਾਂ ਤੁਹਾਨੂੰ ਡਾਕਟਰ ਨੂੰ ਮਿਲਣ ਦਾ ਹੈ ਹੱਕ ਹੈ, ਜਦੋਂ ਉਹ ਉਪਲਬੱਧ ਹੋਣ।

♦ ਜੇ ਤੁਸੀਂ ਆਪਣੇ ਕਰਵਾਏ ਇਲਾਜ਼ ਤੇ ਖੁਸ਼ ਨਹੀਂ ਹੋ ਜਾਂ ਇਹ ਕੰਮ ਨਹੀਂ ਕਰ ਰਿਹਾ, ਤਾਂ ਡਾਕਟਰ ਕੋਲ ਵਾਪਸ ਜਾਓ ਅਤੇ ਉਸ ਨੂੰ ਦੱਸੋ।

♦ ਜੇ ਤੁਸੀਂ ਫਿਰ ਵੀ ਖੁਸ਼ ਨਾ ਹੋਵੋਂ ਤਾਂ ਤੁਸੀਂ ਆਪਣੇ ਵਕੀਲ ਨਾਲ ਗੱਲ ਕਰ ਸਕਦੇ ਹੋ ਅਤੇ ਸਾਡੇ ਗਰੁੱਪ ਤੋਂ ਆਪਣੇ ਵਿਜ਼ਟਰ ਨਾਲ ਵੀ ਗੱਲ ਕਰ ਸਕਦੇ ਹੋ। ਤੁਸੀਂ ਅਧਿਕਰਿਤ ਤੌਰ ਤੇ ਵੀ ਸ਼ਿਕਾਇਤ ਕਰ ਸਕਦੇ ਹੋ। (ਹੇਠਾਂ ਦੇਖੋ)।

## ਹਿਰਾਸਤ ਵਿੱਚ ਤੁਹਾਡੇ ਹੱਕ

ਹਿਰਾਸਤ ਵਿੱਚ ਹੋਣ ਦੌਰਾਨ ਤੁਹਾਡੇ ਡੀਟੈਨਸ਼ਨ ਸੈਂਟਰ ਦੇ ਨਿਜ਼ਮਾਂ ਅਧੀਨ ਨਿਸ਼ਚਿੱਤ ਅਧਿਕਾਰ ਅਤੇ ਵਿਸ਼ੇਸ਼ ਅਧਿਕਾਰ ਹਨ ਜਿਨ੍ਹਾਂ ਦਾ ਤੁਹਾਨੂੰ ਵਿਸਥਾਰ ਵਿੱਚ ਦੱਸਿਆ ਜਾਣਾ ਚਾਹੀਦਾ ਹੈ ਜੇ ਤੁਸੀਂ ਦੋ ਦਿਨਾਂ ਤੋਂ ਵੱਧ ਸੈਂਟਰ ਵਿੱਚ ਰੱਖੇ ਗਏ ਹੋ। ਇਨ੍ਹਾਂ ਵਿੱਚ ਇਹ ਵੀ ਸ਼ਾਮਲ ਹਨ :

**ਸ਼ਿਕਾਇਤ ਪਰਕਿਰਿਆ:** ਸ਼ਿਕਾਇਤਾਂ ਕਰਨ ਸੰਬੰਧੀ ਤੁਹਾਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਤੁਹਾਡੀ ਸ਼ਿਕਾਇਤ ਦੀ ਜਾਚ ਕੀਤੀ ਜਾਵੇਗੀ ਅਤੇ ਤੁਹਾਡੇ ਹਿਰਾਸਤ ਵਿੱਚ ਹੋਣ ਦੌਰਾਨ ਤੁਹਾਡੇ ਕਾਨੂੰਨੀ ਕੇਸ ਜਾਂ ਤੁਹਾਡੇ ਨਾਲ ਕੀਤੇ ਜਾਂਦੇ ਵਿਹਾਰ ਉੱਪਰ ਕੋਈ ਅਸਰ ਨਹੀਂ ਹੋਵੇਗਾ।

**ਸ਼ਿੰਗਾਰ ਸਮੱਗਰੀ:** ਤੁਹਾਨੂੰ ਦੰਦਾਂ ਵਾਲਾ ਬਰੁਸ਼ ਅਤੇ ਟੁੱਥਪੇਸਟ, ਸ਼ਾਂਪੂ, ਸਾਬਣ, ਸ਼ੇਵਿੰਗ ਕਰੀਮ, ਸੈਨੀਟਰੀ ਟਾਊਲਜ਼ ਅਤੇ ਹੋਰ ਜਰੂਰੀ ਲੋੜੀਂਦਾ ਸਮਾਨ ਮੁੱਫ਼ਤ ਦਿੱਤਾ ਜਾਣਾ ਚਾਹੀਦਾ ਹੈ।

**ਪੈਸੇ:** ਤੁਸੀਂ ਰੋਜ਼ਾਨਾ ਕੱਝ ਨਕਦ ਪੈਸਿਆਂ ਦਾ ਅਲਾਊਂਸ ਲੈਣ ਦੇ ਹੱਕਦਾਰ ਹੋ। ਸੈਂਟਰ ਦੇ ਕਰਮਚਾਰੀਆਂ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਇਹ ਪੈਸੇ ਤੁਹਾਨੂੰ ਕਿਸ ਤਰ੍ਹਾਂ ਦਿੱਤੇ ਜਾਣਗੇ।

**ਪ੍ਰਵਾਸ ਰਿਪੋਰਟ:** ਜਦੋਂ ਤੁਹਾਨੂੰ ਹਿਰਾਸਤ ਵਿੱਚ ਰੱਖਿਆ ਜਾਵੇ, ਅਤੇ ਇਸ ਤੋਂ ਬਾਦ ਹਰ ਮਹੀਨੇ, ਤੁਹਾਨੂੰ ਪ੍ਰਵਾਸ ਤੋਂ ਤਰੱਕੀ ਰਿਪੋਰਟ ਮਿਲਣੀ ਚਾਹੀਦੀ ਹੈ ਜਿਸ ਵਿੱਚ ਤੁਹਾਨੂੰ ਦੱਸਿਆ ਹੋਣਾ ਚਾਹੀਦਾ ਹੈ ਕਿ ਤੁਸੀਂ ਹਾਲੇ ਵੀ ਨਜ਼ਰਬੰਦ ਕਿਓਂ ਹੋ। ਜੇ ਤੁਹਾਨੂੰ ਇਹ ਰਿਪੋਰਟ ਨਾ ਮਿਲੇ, ਤਾਂ ਸੈਂਟਰ ਵਿੱਚ ਪ੍ਰਵਾਸ ਨੂੰ ਮਿਲਣ ਲਈ ਅਪੋਇੰਟਮੈਂਟ ਬਣਾਉਣ ਲਈ ਬੇਨਤੀ ਕਰੋ, ਜੋ ਤੁਹਾਨੂੰ ਰਿਪੋਰਟ ਪ੍ਰਾਪਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

## ਜੇ ਤੁਹਾਨੂੰ ਦੂਜੇ ਨਜ਼ਰਬੰਦ ਕੇਂਦਰ ਵਿੱਚ ਬਦਲਿਆ ਗਿਆ

♦ ਜੇ ਤੁਹਾਨੂੰ ਦੂਜੇ ਨਜ਼ਰਬੰਦ ਕੇਂਦਰ ਜਾਂ ਜੇਲ੍ਹ ਵਿੱਚ ਬਦਲਿਆ ਗਿਆ, ਤਾਂ ਤੁਹਾਡਾ ਵਿਜ਼ਟਰ ਤੁਹਾਨੂੰ ਆ ਕੇ **ਮਿਲ ਨਹੀਂ** ਸਕੇਗਾ। ਐਪਰ ਸ਼ਾਇਦ ਹੋਰ ਵਿਜ਼ਟਰ ਗਰੁੱਪ ਤੁਹਾਡੀ ਮਦਦ ਕਰ ਸਕਦਾ ਹੋਵੇ:

♦ **ਹਾਰਮੰਡਸਵਰਥ ਅਤੇ ਕੋਲਨਬਰੁੱਕ** – ਲੰਡਨ ਡੀਟੇਨੀ ਸਪੋਰਟ ਗਰੁੱਪ
ਫ਼ੋਨ: 020 7226 3114 / 0800 587 2096

♦ **ਡੋਵਰ** – ਡੋਵਰ ਵਿਜ਼ਟਰਸ ਗਰੁੱਪ ਫ਼ੋਨ: 01304 242755

♦ **ਹਾਸਲਰ ਹੋਲਡਿੰਗ ਸੈਂਟਰ** – ਹਾਸਲਰ ਵਿਜ਼ਟਰਸ ਗਰੁੱਪ
ਫ਼ੋਨ: 023 9283 9222

♦ **ਯਾਰਲਸ ਵੁੱਡ ਡੀਟੈਂਸ਼ਨ ਸੈਂਟਰ** – ਯਾਰਲਸ ਵੁੱਡ ਵਿਜ਼ਟਿੰਗ ਗਰੁੱਪ
ਫ਼ੋਨ: 01234 708710

ਜੇ ਤੁਹਾਨੂੰ ਹੋਰ ਕਿਸੇ ਥਾਂ ਭੇਜਿਆ ਗਿਆ ਅਤੇ ਤੁਸੀਂ ਵਿਜ਼ਟਰ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਫ਼ੋਨ ਕਰੋ ਅਤੇ ਅਸੀਂ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ।

## ਜੇ ਤੁਹਾਨੂੰ ਰਿਹਾ ਕੀਤਾ ਗਿਆ

♦ ਜੇ ਤੁਹਾਨੂੰ ਰਿਹਾ ਕੀਤਾ ਗਿਆ ਅਤੇ ਤੁਹਾਡੇ ਕੋਲ ਜਾਣ ਨੂੰ ਕੋਈ ਥਾਂ ਨਹੀ ਜਾਂ ਤੁਹਾਨੂੰ ਸਹਾਰਾ ਅਤੇ ਸਲਾਹ ਚਾਹੀਦੀ ਹੈ, ਤਾਂ ਤੁਸੀਂ ਇਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ:

**(ਰੈਫਿਊਜੀ ਕਾਊਂਸਲਜ਼ ਵੰਨ ਸਟੌਪ ਸਰਵਿਸ) Refugee Council's One Stop Service:**
240-250 Ferndale Road, Brixton, London SW9 8BB
ਫ਼ੋਨ. 0207 346 6700


**GDWG OFFICE:**
**225 Three Bridges Road,**
**Crawley, West Sussex, RH10 1LG**
**ਫ਼ੋਨ: (01293) 434350. ਫ਼ੈਕਸ: (01293) 434351**

**ਮੁੱਫ਼ਤਫ਼ੋਨ – 0800 389 4367**


**ਸਾਡਾ ਦਫ਼ਤਰ ਸੋਮਵਾਰ–ਸ਼ੁੱਕਰਵਾਰ ਸਵੇਰੇ 9.30–ਸ਼ਾਮ 5.30 ਤੱਕ ਖੁੱਲ੍ਹਦਾ ਹੈ, ਪਰੰਤੂ ਤੁਸੀਂ ਸੁਨੇਹਾ ਕਿਸੇ ਸਮੇਂ ਵੀ ਛੱਡ ਸਕਦੇ ਹੋ ਅਤੇ ਅਸੀਂ ਜਲਦੀ ਤੋਂ ਜਲਦੀ ਤੁਹਾਨੂੰ ਵਾਪਸ ਫ਼ੋਨ ਕਰਾਂਗੇ। ਕਿਰਪਾ ਕਰਕੇ ਆਪਣੇ ਨਾਂ ਦਾ ਅੱਖਰ-ਜੋੜ ਦੱਸੋ ਅਤੇ ਆਪਣੇ ਕਮਰੇ ਦਾ ਨੰਬਰ ਦੱਸ ਦਿਓ।**

**ਤਾਲ-ਮੇਲ ਕਰਤਾ: ਨਿੱਕ ਏਡੀ**
**ਸਹਾਇਕ ਕਾਮਾ: ਤਨਵੀਰ ਹੁਸੇਨ**
**ਸਹਾਇਕ ਕਾਮਾ: ਆਨਾ ਪਿੰਨਕੱਸ**
**ਸਹਾਇਕ ਕਾਮਾ: ਲੂਈਜ਼ ਪੇਇਮ**

# ਗੈਟਵਿਕ ਨਜ਼ਰਬੰਦ ਭਲਾਈ ਦਲ

*ਰਜਿਸਟਰਡ ਚੈਰਿਟੀ ਨੰ. 1124328*
*ਗਰੰਟੀ ਨੰ 4911257 ਨਾਲ ਕੰਪਨੀ ਸੀਮਤ ਹੈ*



# ਨਜ਼ਰਬੰਦਾਂ ਲਈ ਜਾਣਕਾਰੀ

Punjabi